## SEMESTER WISE DETAIL OF THE PROGRAMME

## BACHELOR OF BUSINESS ADMINISTRATION

| Semester | Course Name | Course Code | Subject | L T P | External Marks | Internal Marks | Total Credit | Total |
|---|---|---|---|---|---|---|---|---|
| I | B.B.A | PBI2001 | ਪੰਜਾਬੀ ਲਾਜ਼ਮੀ | 3+2=5 | 75 | 25 | 4 | 100 |
| | | PBI2001 A | ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) | 3+2=5 | 75 | 25 | 4 | 100 |
| II | B.B.A | PBI2002 | ਪੰਜਾਬੀ ਲਾਜ਼ਮੀ | 3+2=5 | 75 | 25 | 4 | 100 |
| | | PBI2002 A | ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) | 3+2=5 | 75 | 25 | 4 | 100 |

**Internal assessment = 25 marks**

**The break up of internal assessment will be as follows:**

**M.S.T. – I/II (best of two) = 12.5**

**Attendance = 05**

**Assignment/ Quiz/Seminar/Co-Curricular Activities= 05**

**General Conduct of the student= 2.5**

## ਬੀ.ਬੀ.ਏ ਭਾਗ- ਪਹਿਲਾ (ਸਮੈਸਟਰ-ਪਹਿਲਾ)
## ਪੰਜਾਬੀ ਲਾਜ਼ਮੀ

**ਪਾਠਕ੍ਰਮ ਦਾ ਉਦੇਸ਼ :**

1. ਇਸ ਪਾਠਕ੍ਰਮ ਦਾ ਮਨੋਰਥ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਪੜ੍ਹਨ ਦੀ ਜਾਗ ਲਗਾਉਣਾ ਅਤੇ ਉਹਨਾਂ ਅੰਦਰ ਰਚਨਾਤਮਕ ਰੁਚੀਆਂ ਪੈਦਾ ਕਰਨਾ ਹੈ।
2. ਪਾਠਕ੍ਰਮ ਵਿੱਚ ਸ਼ਾਮਿਲ ਕਹਾਣੀਆਂ ਦੁਆਰਾ ਵਿਦਿਆਰਥੀ ਆਧੁਨਿਕ ਸਮਾਜ ਵਿੱਚ ਫੈਲੇ ਵਿਰੋਧਾਂ, ਵਿਸੰਗਤੀਆਂ ਤੇ ਤਣਾਵਾਂ ਤੋਂ ਜਾਣੂ ਹੋਣਗੇ।
3. ਵਿਆਕਰਣ ਦੇ ਵਿਭਿੰਨ ਪੱਖਾਂ ਦੇ ਮਾਧਿਅਮ ਰਾਹੀਂ ਵਿਦਿਆਰਥੀਆਂ ਨੂੰ ਭਾਸ਼ਾ ਵਿੱਚ ਮੁਹਾਰਤ ਹਾਸਿਲ ਕਰਨ ਅਤੇ ਉਚੇਰੀ ਸਿੱਖਿਆ ਗ੍ਰਹਿਣ ਕਰਨ ਲਈ ਪ੍ਰੇਰਿਤ ਕਰਨਾ ਹੈ।
4. ਸਾਡੇ ਸਮਾਜ ਵਿਚਲੀਆਂ ਘਟਨਾਵਾਂ, ਚਲੰਤ ਮਾਮਲਿਆਂ ਤੋਂ ਜਾਣੂ ਕਰਵਾਉਣ ਲਈ ਨਿਬੰਧ ਰਚਨਾ ਵਿਦਿਆਰਥੀ ਨੂੰ ਲਾਹੇਵੰਦ ਸਾਬਿਤ ਹੁੰਦੀ ਹੈ।

**ਪਾਠਕ੍ਰਮ ਦੀ ਸਾਰਥਕਤਾ:**

1. ਪੰਜਾਬੀ ਸਾਹਿਤ ਦੀ ਵਿਧਾ-ਕਹਾਣੀ ਰਾਹੀਂ ਵਿਦਿਆਰਥੀਆਂ ਦਾ ਛੋਟੀਆਂ-ਛੋਟੀਆਂ ਘਟਨਾਵਾਂ ਉੱਤੇ ਧਿਆਨ ਕੇਂਦਰਿਤ ਕਰ ਕੇ ਵਿਦਿਆਰਥੀ ਮਨ ਅੰਦਰ ਅਗਾਂਹਵਧੂ ਅਤੇ ਉਸਾਰੂ ਸੋਚ ਪੈਦਾ ਕਰਨਾ ਹੈ।
2. ਕਹਾਣੀ ਵਿਧਾ ਰਾਹੀਂ ਵਿਦਿਆਰਥੀਆਂ ਨੂੰ ਆਧੁਨਿਕ ਸਮਾਜ ਦੇ ਮਨੁੱਖ ਦੀ ਸੋਚ ਬਾਰੇ, ਘਟਨਾਵਾਂ ਬਾਰੇ, ਨਵੀਆਂ ਪਦਾਰਥਕ ਸਥਿਤੀਆਂ ਮੁਤਾਬਕ ਜੀਵਨ ਜਿਉਣ ਅਤੇ ਪੁਰਾਣੀਆਂ ਕਦਰਾਂ-ਕੀਮਤਾਂ ਤੋਂ ਨਾ ਵਿਛੜਣ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ।
3. ਵਿਦਿਆਰਥੀ ਲਈ ਪੰਜਾਬੀ ਭਾਸ਼ਾ ਦਾ ਸ਼ੁੱਧ ਉਚਾਰਨ ਅਤੇ ਸਹੀ ਲਿਖਣ ਪ੍ਰਬੰਧ ਵਿਚ ਪੰਜਾਬੀ ਵਿਆਕਰਣ ਸਹਾਇਕ ਸਿੱਧ ਹੁੰਦੀ ਹੈ।
4. ਚਿੱਠੀ-ਪੱਤਰ ਰਾਹੀਂ ਵਿਦਿਆਰਥੀ ਵਿਵਹਾਰਕ ਲੋੜਾਂ ਨੂੰ ਪੂਰਾ ਕਰਨ ਦੇ ਯੋਗ ਹੋਣਗੇ।
5. ਤਕਨੀਕੀ ਸ਼ਬਦਾਵਲੀ ਦੁਆਰਾ ਵਿਦਿਆਰਥੀ ਸਮਾਜ ਦੇ ਸਮਾਜਿਕ,ਰਾਜਨੀਤਿਕ,ਆਰਥਿਕ ਆਦਿ ਖੇਤਰਾਂ ਨਾਲ ਸਬੰਧਿਤ ਸ਼ਬਦਾਵਲੀ ਨੂੰ ਸਮਝ ਕੇ ਵਰਤਣ ਦੇ ਸਮਰੱਥ ਹੋਣਗੇ।

ਬੀ.ਬੀ.ਏ.ਭਾਗ- ਪਹਿਲਾ
ਸਮੈਸਟਰ-ਪਹਿਲਾ PBI 2001
ਪਰਚਾ : ਪੰਜਾਬੀ ਲਾਜ਼ਮੀ
ਸੈਸ਼ਨ-2023-24

ਕੁੱਲ ਅੰਕ : 100
ਲਿਖਤੀ ਪ੍ਰੀਖਿਆ : 75 ਅੰਕ
ਅੰਦਰੂਨੀ ਮੁਲਾਂਕਣ : 25 ਅੰਕ
ਸਮਾਂ : ਤਿੰਨ ਘੰਟੇ

ਵਿਸ਼ੇ ਵਿੱਚੋਂ ਪਾਸ ਹੋਣ ਲਈ ਅੰਕ : 35%
ਲਿਖਤੀ ਪ੍ਰੀਖਿਆ ਵਿੱਚੋਂ ਪਾਸ ਹੋਣ ਲਈ ਅੰਕ : 26
ਅੰਦਰੂਨੀ ਮੁਲਾਂਕਣ ਵਿੱਚੋਂ ਪਾਸ ਹੋਣ ਲਈ ਅੰਕ : 09
ਕਰੈਡਿਟ : 04

ਸਿਲੇਬਸ ਅਤੇ ਪਾਠ-ਪੁਸਤਕਾਂ

**ਯੂਨਿਟ ਪਹਿਲਾ**

1. **'ਅਕੱਥ ਕਥਾ'**,(ਸੰਪਾ.) ਡਾ. ਸੁਖਜੀਤ ਕੌਰ,ਪ੍ਰੋ. ਹਰਮਨਪ੍ਰੀਤ ਕੌਰ, ਮਾਤਾ ਗੁਜਰੀ ਕਾਲਜ, ਸ੍ਰੀ ਫਤਹਿਗੜ੍ਹ ਸਾਹਿਬ।
2. **ਨਿਬੰਧ ਰਚਨਾ:** ਸਮਾਜਿਕ, ਸੱਭਿਆਚਾਰਕ ਅਤੇ ਵਿਦਿਅਕ ਵਿਸ਼ਿਆਂ ਨਾਲ ਸੰਬੰਧਤ (ਕੋਵਿਡ-19 ਦੀ ਮਹਾਂਮਾਰੀ, ਨੌਜਵਾਨਾਂ ਦੀ ਵਿਦੇਸ਼ਾਂ ਵੱਲ ਦੌੜ, ਸਮਕਾਲੀ ਕਿਸਾਨੀ ਸੰਘਰਸ਼, ਨੈਤਿਕ ਕਦਰਾਂ- ਕੀਮਤਾਂ ਵਿਚ ਆ ਰਿਹਾ ਨਿਘਾਰ, ਪੰਜਾਬੀ ਸਭਿਆਚਾਰਕ ਵਿਰਾਸਤ ਉੱਤੇ ਪੱਛਮੀ ਸਭਿਆਚਾਰ ਦਾ ਪ੍ਰਭਾਵ, ਪੰਜਾਬੀ ਰਿਸ਼ਤਾ-ਨਾਤਾ ਪ੍ਰਬੰਧ ਦੇ ਬਦਲਦੇ ਰੂਪ, ਵਿਗਿਆਨ ਅਤੇ ਸਭਿਆਚਾਰ, ਪੰਜਾਬ ਦੇ ਲੋਕ ਨਾਚ, ਆਨਲਾਈਨ ਅਧਿਆਪਨ ਦੀਆਂ ਮੁਸ਼ਕਲਾਂ,ਵਿੱਦਿਆ ਦਾ ਵਪਾਰੀਕਰਨ, ਵਿਦਿਆਰਥੀ ਤੇ ਅਨੁਸਾਸ਼ਨ, ਲਾਇਬ੍ਰੇਰੀ ਦੀ ਮਹੱਤਤਾ, ਗਲੋਬਲ ਵਾਰਮਿੰਗ,ਲਿੰਗਕ ਬਰਾਬਰੀ,ਸਮਾਜਿਕ ਨਿਆਂ, ਰਾਸ਼ਟਰੀ ਏਕਤਾ)

**ਯੂਨਿਟ ਦੂਜਾ**

3. ਵਿਆਕਰਨ: (ੳ) ਸ਼ਬਦ ਸ਼੍ਰੇਣੀਆਂ: ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਕਿਰਿਆ-ਵਿਸ਼ੇਸ਼ਣ।
(ਅ) ਭਾਸ਼ਾ ਵੰਨਗੀਆਂ: ਭਾਸ਼ਾ ਦਾ ਟਕਸਾਲੀ ਰੂਪ, ਭਾਸ਼ਾ ਅਤੇ ਉਪ-ਭਾਸ਼ਾ ਦਾ ਅੰਤਰ।
4. ਦਫ਼ਤਰੀ ਚਿੱਠੀ ਪੱਤਰ
5. ਤਕਨੀਕੀ ਸ਼ਬਦਾਵਲੀ:- ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ (ਸਮਾਜ-ਵਿਗਿਆਨ, ਕੰਪਿਊਟਰ, ਖੇਤੀਬਾੜੀ, ਵਣਜ ਵਪਾਰ ਅਤੇ ਪੱਤਰਕਾਰੀ ਨਾਲ ਸਬੰਧਿਤ)।( ਸੂਚੀ ਪਾਠਕ੍ਰਮ ਨਾਲ ਨੱਥੀ ਹੈ)

ਅੰਕ-ਵੰਡ ਅਤੇ ਪੇਪਰ ਸੈਟਰ ਲਈ ਹਦਾਇਤਾਂ

1. ਯੂਨਿਟ ਪਹਿਲਾ ਵਿਚੋਂ ਕਹਾਣੀ ਦਾ ਵਿਸ਼ਾ-ਵਸਤੂ/ਸਾਰ ਬਾਰੇ ਪ੍ਰਸ਼ਨ ਪੁੱਛਿਆ ਜਾਵੇਗਾ (ਦੋ ਵਿਚੋਂ ਇੱਕ) 15 ਅੰਕ
2. ਯੂਨਿਟ ਪਹਿਲਾ ਦਾ ਦੂਜਾ ਪ੍ਰਸ਼ਨ ਨਿਬੰਧ ਰਚਨਾ ਨਾਲ ਸੰਬੰਧਤ ਹੋਵੇਗਾ, ਜਿਸ ਵਿਚ ਉੱਪਰ ਦਰਸਾਏ ਵਿਸ਼ਿਆਂ ਵਿਚੋਂ ਕਿਸੇ ਵਿਸ਼ੇ 'ਤੇ ਲਿਖਣ ਲਈ ਕਿਹਾ ਜਾਵੇਗਾ। (ਤਿੰਨ ਵਿਚੋਂ ਇੱਕ) 10 ਅੰਕ
3. ਯੂਨਿਟ ਦੂਜਾ ਦੇ ਤੀਜੇ ਪ੍ਰਸ਼ਨ ਵਿਚ 'ੳ' ਅਤੇ 'ਅ' ਵਿਆਕਰਨ ਵਾਲੇ ਦੋਵੇਂ ਭਾਗਾਂ ਵਿਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ ਅਤੇ ਵਿਦਿਆਰਥੀਆਂ ਨੇ ਦੋਵਾਂ ਵਿਚੋਂ ਇੱਕ ਪ੍ਰਸ਼ਨ ਕਰਨਾ ਹੋਵੇਗਾ। 10 ਅੰਕ
4. ਚੌਥੇ ਪ੍ਰਸ਼ਨ ਵਿਚ ਕਿਸੇ ਵਿਸ਼ੇ ਤੇ ਚਿੱਠੀ-ਪੱਤਰ ਲਿਖਣ ਲਈ ਕਿਹਾ ਜਾਵੇ। (ਦੋ ਵਿਚੋਂ ਇੱਕ) 10 ਅੰਕ
5. ਤਕਨੀਕੀ ਸ਼ਬਦਾਵਲੀ ਨਾਲ ਸਬੰਧਿਤ ਕੋਈ 15 ਸ਼ਬਦ ਦੇ ਕੇ 10 ਸ਼ਬਦਾਂ ਦਾ ਪੰਜਾਬੀ ਅਨੁਵਾਦ ਕਰਨ ਲਈ ਕਿਹਾ ਜਾਵੇ।(ਸੂਚੀ ਪਾਠਕ੍ਰਮ ਨਾਲ ਨੱਥੀ ਹੈ) 10 ਅੰਕ
6. 'ਅਕੱਥ ਕਥਾ' (ਕਹਾਣੀ ਸੰਗ੍ਰਹਿ) ਅਤੇ ਵਿਆਕਰਨ ਵਾਲੇ ਭਾਗ ਵਿਚੋਂ ਸੰਖੇਪ ਉੱਤਰਾਂ ਵਾਲੇ 10 (07+03) ਪ੍ਰਸ਼ਨ ਪੁੱਛੇ ਜਾਣਗੇ।ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨ ਦੇ ਸੰਖੇਪ ਉੱਤਰ ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ ਦੋ ਅੰਕ ਹੋਣਗੇ। (10×2=20) ਅੰਕ

## ਸਹਾਇਕ ਪੁਸਤਕ ਸੂਚੀ

1. ਹਰਕੀਰਤ ਸਿੰਘ, ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ, ਬਾਹਰੀ ਪਬਲਿਸ਼ਰਜ਼, ਦਿੱਲੀ,1973.
2. ਬੂਟਾ ਸਿੰਘ ਬਰਾੜ, ਪੰਜਾਬੀ ਵਿਆਕਰਨ : ਸਿਧਾਂਤ ਤੇ ਵਿਹਾਰ, ਚੇਤਨਾ ਪ੍ਰਕਾਸ਼ਨ,ਲੁਧਿਆਣਾ, 2008.
3. ਪ੍ਰੇਮ ਪ੍ਰਕਾਸ਼ ਸਿੰਘ, ਸਿਧਾਂਤਕ ਭਾਸ਼ਾ ਵਿਗਿਆਨ, ਮਦਾਨ ਪਬਲਿਸ਼ਰਜ਼, ਪਟਿਆਲਾ, 2002.
4. ਪ੍ਰੇਮ ਪ੍ਰਕਾਸ਼ ਸਿੰਘ, ਪੰਜਾਬੀ ਭਾਸ਼ਾ ਦਾ ਸ੍ਰੋਤ ਤੇ ਬਣਤਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ,1996.
5. ਪ੍ਰੇਮ ਪ੍ਰਕਾਸ਼ ਸਿੰਘ, ਰੂਪ ਵਿਗਿਆਨ, ਮਦਾਨ ਪਬਲਿਸ਼ਰਜ਼, ਪਟਿਆਲਾ, 2002.



ਤਕਨੀਕੀ ਸ਼ਬਦਾਵਲੀ

)ਸਮਾਜ(ਤਵਪਾਰ ਨਾਲ ਸਬੰਧਿ-ਵਣਜ ,ਪੱਤਰਕਾਰੀ ,ਖੇਤੀਬਾੜੀ ,ਕੰਪਿਊਟਰ ,ਵਿਗਿਆਨ-

.1Abolition- ਖਾਤਮਾ, ਸਮਾਪਤੀ

.2Absolute monarch- ਨਿਰੰਕੁਸ਼ ਜਾਂ ਸਰਬਸਮਰੱਥ ਰਾਜਾ -

.3Abuse- ਕੁਵਰਤੋਂਉਲੰਘਣਾ ,ਦੁਰਉਪਯੋਗ ,

.4Accelerator- ਤਵਰਕ

.5Apartheid- ਰੰਗਭੇਦ

.6Banishment- ਦੇਸ਼ ਨਿਕਾਲਾਜਲਾਵਤਨੀ ,

.7Barter economy- ਵਸਤ ,ਵਟਾਂਦਰਾ-ਆਰਥਿਕਤਾ

.8Betrayal- ਵਿਸ਼ਵਾਸਘਾਤ

.9Bilateral agreement- ਦੋਪੱਖੀ ਸਮਝੌਤਾ-ਦੋ ,ਧਿਰੀ ਸਮਝੌਤਾ-

.10Bisexualism- ਦੁਲਿੰਗਤਾਵਾਦ

.11Canon- ਸਿਧਾਂਤਨਿਯਮ ,ਅਸੂਲ ,

.12Cultural Materialism- ਸਭਿਆਚਾਰਕ ਪਦਾਰਥਵਾਦ

.13Cultural Transformation- ਸੁਭਿਆਚਾਰਕ ਰੂਪਾਂਤਰਣ

.14Debt-trap- ਕਰਜ਼ੇ ਦਾ ਮੱਕੜਜਾਲ

.15Diffusion- ਖਿੰਡਾਉ

.16Effective Demand- ਪ੍ਰਭਾਵੀ ਮੰਗ

.17Elasticity- ਲੋਚ

.18Entrepreneur- ਉੱਦਮੀ

.19Equilibrium- ਸੰਤੁਲਨ

.20Exogamy- ਬਾਹਰਗੋਤਰੀ ਵਿਆਹ-

.21Fraternity- ਭਾਈਬੰਦੀਭਾਈਚਾਰਾ ,

.22Fundamentalism- ਮੂਲਵਾਦ

.23Gender stratification- ਸਮਾਜਿਕਦਰਜ਼ੇਬੰਦੀ ਲਿੰਗ -

.24Globalization- ਵਿਸ਼ਵੀਕਰਨ

.25Heir- ਉੱਤਰਾਅਧਿਕਾਰੀਵਾਰਿਸ ,

.26Alignmentਕਤਾਰਬੰਦੀ ,ਸੇਧਬੰਦੀ -

27.Animationਚਿਤਰ-ਜੀਵੰਤ -

28. Applicationਅਮਲਕਾਰੀ -

29. Attachment- ਨੱਥੀ

30. Auto correctਸੋਧ-ਸਵੈ -

31. Barਪੱਟੀ -

32. Bulletingਗੋਲ਼ਾਕਾਰੀ -

33. Computer- ਗਣਕਜੰਤਰ-

34. Corpusਸੰਗ੍ਰਹਿਣ -

35. Cut-Paste -ਚੱਕ–ਚੰਮੇੜ,ਹਟਾ ਰੱਖ-

36. Dataਅੰਕੜਾ-

37. Directoryਨਿਰਦੇਸ਼ਕਾ-ਮੂਲ -

38. Disk Driveਚਾਲਕ-ਤਵਾ -

39. E-Mail -ਬਿਜਲਡਾਕ-

40. Explorerਪੜਤਾਲਕ-ਜਾਂਚ -

41. Formatਖਾਂਚਾ-

42. Home Pageਪੰਨਾ-ਮੁੱਖ -

43. Internet Explorerਜਾਂਚ ਪੜਤਾਲਕ-ਅੰਤਰਜਾਲ਼ -

44. Italic -ਟੇਢਾ

45. Margin- ਹਾਸ਼ੀਆ

46. Acclimatised variety-ਵਾਤਾਵਰਣ–ਅਨੁਕੂਲਿਤ ਕਿਸਮ

47.Accretion of Level-ਤਲ–ਉਠਾਣ

48. Agronomy-ਫਸਲ ਵਿਗਿਆਨ

49.Alkaline water-ਖਾਰਾ ਪਾਣੀ

50.Arid Climate-ਖੁਸ਼ਕ ਜਲਵਾਯੂ

51. Barometer- ਵਾਯੂ ਦਾਬ ਮਾਪਕ,ਬੈਰੋਮੀਟਰ

52. barren Land- ਬੰਜਰ ਭੋਂ

53. Basal manure- ਮੁੱਢਲੀ ਖਾਦ,ਮੁੱਢਲੀ ਰੇਹ

54. basil- ਤੁਲਸੀ

55. bee keeping- ਮਧੁਮੱਖੀ ਪਾਲਣ

56. chalk- ਖੜੀਆ ਮਿੱਟੀ,ਚਾਕ

57. Climbing root- ਆਰੋਹੀ ਝਵਹ

58. Concentrates (Feed)-ਦਾਣਾ–ਚਾਰਾ,ਪੌਸ਼ਟਿਕ ਖੁਰਾਕ

59. Corrosive-ਖੋਰਕ

60. Crop, Forage-ਚਾਰਾ ਫਸਲ

61. Depth of irrigation-ਸਿੰਜਾਈ ਦੀ ਗਹਿਰਾਈ

62. Desert climate-ਮਾਰੂਥਲੀ ਜਲਵਾਯੂ

63. Desert soil-ਮਾਰੂਥਲੀ ਭੋਂ

64. Direct Cultivation (Direct farming)-ਸਿੱਧਾ ਮੰਡੀਕਰਨ, ਉਤਪਾਦਕ ਰਾਹੀ ਮੰਡੀਕਰਨ

65. Diversification of crops-ਫਸਲ ਵਿਵਿਧਤਾ, ਵਿਵਿਧ ਫਸਲ ਉਤਪਾਦਨ

66. Edaphic factor-ਭੋਂ–ਕਾਰਕ

67. Elective cultural method- ਚੋਣਵੀਂ ਖੇਤੀ ਵਿਧੀ

68. Excavation – ਖੁਦਾਈ, ਪੁਟਾਈ
69. Extreme climate-ਚਰਮ ਜਲਵਾਯੂ
70. Academic journalism-ਅਕਾਦਮਿਕ ਪੱਤਰਕਾਰੀ
71.Adless paper- ਵਿਗਿਆਪਨ ਰਹਿਤ ਅਖ਼ਬਾਰ
72.Advance story- ਅਗੇਤਾ ਸਮਾਚਾਰ
73.Advertising censorship- ਵਿਗਿਆਪਨ ਸੈਂਸਰ ਵਿਵਸਥਾ
74.Arc-ਜਦੋਂ ਕੈਮਰਾ ਗੋਲਾਕਾਰ ਗਤੀ ਵਿੱਚ ਘੁੰਮਦਾ ਹੈ
75.Bilingual journalism-ਦੁਭਾਸ਼ੀ ਪੱਤਰਕਾਰੀ
76.Bite-ਕਿਸੇ ਵਿਸ਼ੇ ਸੰਬਧਿਤ ਲੋਕਾਂ ਦੇ ਵਿਚਾਰ
79.Business notice-ਕਾਰੋਬਾਰੀ ਸੂਚਨਾ
80.Caste journalism-ਜਾਤ ਆਧਾਰਿਤ ਪੱਤਰਕਾਰੀ
81.City Affairs-ਨਗਰ ਚਰਚਾ
82.Co-Author- ਸਹਿ ਲੇਖਕ
83.Collision– ਟੱਕਰ
84. Contemporary Journalism- ਸਮਕਾਲੀ ਪੱਤਰਕਾਰੀ
85. Datch Angle– ਜਿਸ ਵਿੱਚ ਵਿਸ਼ੇ ਨੂੰ ਟੇਢਾ ਕਰਕੇ ਦਿਖਾਇਆ ਜਾਵੇ।
86.Descriptive Reporting– ਵਰਣਾਤਮਕ ਸਮਾਚਾਰ ਲੇਖਣ,ਵਰਣਾਤਮਕ ਰਿਪੋਰਟਿੰਗ
87. Dialect- ਉਪਭਾਸ਼ਾ
88. Dissemination of information– ਸੂਚਨਾ ਪ੍ਰਸਾਰ
89. Domestic news- ਸੁਦੇਸ਼ੀ ਖ਼ਬਰ
90. Editing- ਸੰਪਾਦਨ
91. Editorial Statement- ਐਡੀਸ਼ਨ,ਵਿਵਰਨ
92. Erasibility- ਮਿਟਣਯੋਗਤਾ
93. Exhibitor- ਪ੍ਰਦਰਸ਼ਕ
94. Explorer- ਖੋਜੀ, ਖੋਜ ਕਰਤਾ
95.Feed Back- ਪ੍ਰਤੀਕਿਰਿਆ
96. Acknowledgement- ਪਹੁੰਚ ਰਸੀਦ
97. Allocation- ਨਿਰਧਾਰਨ ਵਿਵਸਥਾ
98. Appendix- ਅੰਤਕਾ, ਅਨੁਲਗ
99. Auction- ਨਿਲਾਮੀ
100. Based on Facts- ਤੱਥਾਂ 'ਤੇ ਆਧਾਰਿਤ
101.Basic Pay- ਮੂਲ ਤਨਖਾਹ, ਮੂਲ ਵੇਤਨ
102. Bi-annual- ਦੋ ਸਾਲਾਂ, ਦੋ ਵਰਸ਼ੀ, ਅਰਧ-ਵਰਸ਼ੀ, ਛੇ-ਮਾਸਕ
103.Both days inclusive- ਦੋਹਾਂ ਦਿਨਾਂ ਸਮੇਤ
104.Branch- ਸ਼ਾਖਾ
105.Capital- ਪੂੰਜੀ ਸਰਮਾਇਆ
106.Cash book- ਰੋਕੜ ਵਹੀ
107.Catalogue- ਸੂਚੀ ਪੱਤਰ
108.Compensation– ਮੁਆਵਜ਼ਾ
109.Contingency- ਅਚਾਨਕੀ
110.Counterfoil- ਪ੍ਰਤੀ ਪੰਨਾ
111. Compliance- ਪਾਲਣਾ
112. Daily wage- ਦਿਹਾੜੀ

113. Dearness Allowance- ਮਹਿੰਗਾਈ ਭੱਤਾ
114.Demi- Official Letter(D.O)- ਅੱਧ ਸਰਕਾਰੀ ਪੱਤਰ
115.Discrepencies may be reconciled- ਤਰੁੱਟੀਆਂ ਸੋਧੀਆਂ ਜਾਣ
116.Discretionary- ਇਖਤਿਆਰੀ
117.Embezzlement- ਗਬਨ
118.Enclosure-ਸਹਿ–ਪੱਤਰ
119.Endorsement-ਪਿੱਠ–ਅੰਕਣ
120.Exercise of powers- ਅਧਿਕਾਰਾਂ ਦੀ ਵਰਤੋਂ
121. Ex-officio – ਪਦਵੀ ਕਾਰਨ, ਅਹੁਦੇ ਕਾਰਨ
122. File – ਮਿਸਲ
123. Financial Year – ਵਿੱਤੀ ਸਾਲ
124. Formal Approval – ਰਸਮੀ ਪ੍ਰਵਾਨਗੀ
.125Goods exported – ਨਿਰਯਾਤ ਮਾਲ

**ਬੀ.ਬੀ.ਏ.ਭਾਗ- ਪਹਿਲਾ**
**ਸਮੈਸਟਰ-ਪਹਿਲਾ PBI 2001 A**
**ਪੰਜਾਬੀ ਲਾਜ਼ਮੀ (ਮੁਢਲਾ ਗਿਆਨ)**
**ਸੈਸ਼ਨ-2023-24**

ਕੁੱਲ ਅੰਕ : 100
ਲਿਖਤੀ ਪ੍ਰੀਖਿਆ : 75 ਅੰਕ
ਅੰਦਰੂਨੀ ਮੁਲਾਂਕਣ :25 ਅੰਕ
ਸਮਾਂ : ਤਿੰਨ ਘੰਟੇ

ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ : 35%
ਲਿਖਤੀ ਪ੍ਰੀਖਿਆ ਵਿਚੋਂ ਪਾਸ ਹੋਣ ਲਈ ਅੰਕ :26
ਅੰਦਰੂਨੀ ਮੁਲਾਂਕਣ ਵਿਚੋਂ ਪਾਸ ਹੋਣ ਲਈ ਅੰਕ : 09
ਕਰੈਡਿਟ : 04

## ਸਿਲੇਬਸ ਅਤੇ ਪਾਠ-ਪੁਸਤਕਾਂ

**ਯੂਨਿਟ ਪਹਿਲਾ**

1. ਗੁਰਮੁਖੀ ਵਰਨਮਾਲਾ ਤੇ ਲੇਖਣ ਪ੍ਰਬੰਧ।
   (ੳ) ਅੱਖਰ ਸਿੱਖਿਆ : ਤਰਤੀਬਵਾਰ ਅਤੇ ਭੁਲਾਵੇਂ ਅੱਖਰ।
   (ਅ) ਅੱਖਰ ਬਣਤਰ : ਅੱਖਰ ਰੂਪ ਤੇ ਲੇਖਣ ਦੇ ਨਿਯਮ।
2. ਗੁਰਮੁਖੀ ਅੱਖਰ ਤੇ ਪੰਜਾਬੀ ਧੁਨੀਆਂ ਦਾ ਪ੍ਰਬੰਧ।
   (ੳ) ਸਵਰ ਅਤੇ ਵਿਅੰਜਨ : ਵਰਗੀਕਰਨ ਦੇ ਸਿਧਾਂਤ ਅਤੇ ਉਚਾਰਨ, ਸਵਰ ਸੂਚਕ ਅੱਖਰਾਂ ਤੇ ਧੁਨੀਆਂ ਦੀ ਪਛਾਣ ਤੇ ਵਰਤੋਂ।
   (ਅ) ਵਿਅੰਜਨ ਸੂਚਕ ਅੱਖਰਾਂ ਤੇ ਧੁਨੀਆਂ ਦੀ ਪਛਾਣ ਤੇ ਵਰਤੋਂ, ਲਗਾਂ-ਮਾਤਰਾਂ ਦੀ ਪਛਾਣ ਅਤੇ ਵਰਤੋਂ, ਲਗਾਖਰਾਂ ਦੀ ਪਛਾਣ ਅਤੇ ਵਰਤੋਂ।

**ਯੂਨਿਟ ਦੂਜਾ**

3. ਲਿਪੀ ਦੇ ਅੱਖਰਾਂ ਦੀ ਪਛਾਣ ਅਤੇ ਵਰਤੋਂ ਦੇ ਨਿਯਮ।
   (ੳ) ਪੂਰੇ ਅਤੇ ਪੈਰ ਵਿਚ ਪੈਣ ਵਾਲੇ ਅੱਖਰਾਂ ਦੀ ਪਛਾਣ ਅਤੇ ਵਰਤੋਂ, ਸਵਰ ਸੂਚਕ ਅੱਖਰਾਂ ਦੀ ਪਛਾਣ ਅਤੇ ਵਰਤੋਂ, ਸਵਰ ਵਾਹਕਾਂ ਦੀ ਪਛਾਣ ਅਤੇ ਵਰਤੋਂ।
   (ਅ) ਮਾਤਰਾ ਅਤੇ ਸਵਰ ਵਾਹਕਾਂ ਦੀ ਸਾਂਝੀ ਵਰਤੋਂ, ਮਾਤਰਾ ਦੀ ਵਿਅੰਜਨ ਸੂਚਕਾਂ ਨਾਲ ਵਰਤੋਂ।
4. ਪੰਜਾਬੀ ਸ਼ਬਦਾਵਲੀ ਨਾਲ ਜਾਣ-ਪਛਾਣ।
   (ੳ) ਗਿਣਤੀ, ਹਫ਼ਤੇ ਦੇ ਦਿਨ, ਮਹੀਨਿਆਂ ਦੇ ਨਾਂ।
   (ਅ) ਰੰਗਾਂ ਦੇ ਨਾਂ, ਪਸ਼ੂ-ਪੰਛੀਆਂ ਦੇ ਨਾਂ, ਘਰੇਲੂ ਵਸਤਾਂ ਨਾਲ ਸੰਬੰਧਿਤ ਸ਼ਬਦਾਵਲੀ।

### ਅੰਕ-ਵੰਡ ਅਤੇ ਪੇਪਰ ਸੈਟਰ ਲਈ ਹਦਾਇਤਾਂ

1. ਯੂਨਿਟ ਪਹਿਲਾ ਵਿੱਚੋਂ ਗੁਰਮੁਖੀ ਵਰਨਮਾਲਾ ਤੇ ਲਿਖਣ ਪ੍ਰਬੰਧ ਨਾਲ ਸੰਬੰਧਿਤ ਪ੍ਰਸ਼ਨ ਪੁੱਛਿਆ ਜਾਵੇਗਾ। (ਦੋ ਵਿਚੋਂ ਇਕ) 15 ਅੰਕ
2. ਦੂਜਾ ਪ੍ਰਸ਼ਨ ਗੁਰਮੁਖੀ ਅੱਖਰ ਤੇ ਪੰਜਾਬੀ ਧੁਨੀਆਂ ਦੇ ਪ੍ਰਬੰਧ ਨਾਲ ਸੰਬੰਧਿਤ ਹੋਵੇਗਾ । (ਦੋ ਵਿਚੋਂ ਇਕ) 20 ਅੰਕ
3. ਯੂਨਿਟ ਦੂਜੇ ਵਿਚੋਂ ਲਿਪੀ ਦੇ ਅੱਖਰਾਂ ਦੀ ਵਰਤੋਂ ਦੇ ਨਿਯਮਾਂ ਨਾਲ ਸੰਬੰਧਿਤ ਪ੍ਰਸ਼ਨ ਪੁੱਛਿਆ ਜਾਵੇਗਾ। (ਦੋ ਵਿਚੋਂ ਇਕ) 20 ਅੰਕ
4. ਚੌਥਾ ਪ੍ਰਸ਼ਨ ਪੰਜਾਬੀ ਸ਼ਬਦਾਵਲੀ ਨਾਲ ਜਾਣ-ਪਛਾਣ ਬਾਰੇ ਪੁਛਿਆ ਜਾਵੇਗਾ। (ਦੋ ਵਿਚੋਂ ਇਕ) 20 ਅੰਕ

**ਨੋਟ: ਵਿਦਿਆਰਥੀ ਪਹਿਲੀ ਵਾਰ ਗੁਰਮੁਖੀ ਸਿੱਖ ਰਹੇ ਹਨ ਹੋ ਸਕਦਾ ਹੈ ਕਿ ਵਿਦਿਆਰਥੀ ਪੰਜਾਬੀ ਭਾਸ਼ਾ ਤੋਂ ਅਨਜਾਣ ਹੋਣ, ਸੋ ਵਿਦਿਆਰਥੀਆਂ ਦੇ ਪੱਧਰ ਨੂੰ ਧਿਆਨ ਵਿਚ ਰੱਖਿਆ ਜਾਵੇ ।**

## ਸਹਾਇਕ ਪੁਸਤਕ ਸੂਚੀ


1. ਆਓ ਪੰਜਾਬੀ ਸਿੱਖੀਏ, ਸਤਿਨਾਮ ਸਿੰਘ ਸੰਧੂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009
2. ਗੁਰਮੁਖੀ ਸਿੱਖੋ, ਸਤਿਨਾਮ ਸਿੰਘ ਸੰਧੂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
3. ਪੰਜਾਬੀ ਸਿੱਖੀਏ, ਸੀਤਾ ਰਾਮ ਬਾਹਰੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002
4. ਪੰਜਾਬੀ ਗਿਆਨ ਸੀ. ਡੀ. (ਕੰਪਿਊਟਰ ਐਪਲੀਕੇਸ਼ਨ ਟੂ-ਲਰਨ ਐਂਡ ਟੀਚ ਪੰਜਾਬੀ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
5. Teach Yourself Punjabi, Hradev Bahri, Publication Bureau, Punjabi University, Patiala, 2011
6. A Start in Punjabi, Henry A. Gleason and Harjeet Singh Gill, Publication Bureau, Punjabi University, Patiala, 1997
7. Introductory Punjabi, Ujjal Singh Bahri and Paramjit Singh Walia, Publication Bureau, punjabi University, Patiala, 2003




**ਬੀ.ਬੀ.ਏ ਭਾਗ- ਪਹਿਲਾ**
**ਸਮੈਸਟਰ- ਦੂਜਾ, ਪੰਜਾਬੀ ਲਾਜ਼ਮੀ**

**ਪਾਠਕ੍ਰਮ ਦਾ ਉਦੇਸ਼:**

1. ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਦੇ ਰੂਪ ਵਾਰਤਕ ਦੇ ਵੱਖਰੇ-ਵੱਖਰੇ ਵਿਸ਼ਿਆਂ ਨੂੰ ਪੜ੍ਹਾਉਣ ਦਾ ਮਨੋਰਥ ਉਹਨਾਂ ਅੰਦਰ ਉਸਾਰੂ ਰੁਚੀਆਂ ਨੂੰ ਪੈਦਾ ਕਰਨਾ ਹੈ।
2. ਵਿਦਿਆਰਥੀਆਂ ਨੂੰ ਵਾਰਤਕ ਦੇ ਰੂਪਾਂ ਅਤੇ ਸ਼ੈਲੀਆਂ ਦੀ ਪਛਾਣ ਕਰਵਾਉਣਾ।
3. ਪੰਜਾਬੀ ਭਾਸ਼ਾ ਅਤੇ ਧੁਨੀਆਂ ਦਾ ਅਧਿਐਨ ਵਿਦਿਆਰਥੀਆਂ ਨੂੰ ਭਾਸ਼ਾ ਦੀ ਸ਼ੁੱਧਤਾ, ਉਚਾਰਣ ਦੇ ਪੱਧਰ ਤੇ ਅਤੇ ਲੇਖਣ ਦੇ ਪੱਧਰ ਤੇ ਨਿਪੁੰਨ ਬਣਾਉਣਾ ਹੈ।

**ਪਾਠਕ੍ਰਮ ਦੀ ਸਾਰਥਕਤਾ:**

1. ਵਿਦਿਆਰਥੀ ਸਾਹਿਤਕ ਸ਼ਬਦਾਂ, ਥੀਮਾਂ ਅਤੇ ਪੰਜਾਬੀ ਵਾਰਤਕ ਨਾਲ ਸੰਬੰਧਿਤ ਹੋਰਨਾਂ ਸਾਹਿਤ ਰੂਪਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
2. ਵਿਦਿਆਰਥੀ ਪੰਜਾਬੀ ਗੱਦ ਸਾਹਿਤ ਨਾਲ ਸਬੰਧਿਤ ਵਿਧਾਵਾਂ ਬਾਰੇ ਪੜ੍ਹਣ ਲਿਖਣ ਦੇ ਹੁਨਰ ਵਿਚ ਵਾਧਾ ਕਰ ਸਕਣਗੇ।
3. ਪੰਜਾਬੀ ਭਾਸ਼ਾ ਦੇ ਕੇਂਦਰੀ ਰੂਪ ਅਤੇ ਉਸ ਵਿਚ ਆ ਰਹੀਆਂ ਤਬਦੀਲੀਆਂ ਅਤੇ ਭਾਸ਼ਾ ਦੇ ਵੱਖਰੇ-ਵੱਖਰੇ ਰੂਪਾਂ ਬਾਰੇ ਜਾਣਕਾਰੀ ਹਾਸਲ ਕਰਨ ਦੇ ਯੋਗ ਹੋਣਗੇ।
4. ਸਿਲੇਬਸ ਵਿੱਚ ਦਰਜ ਮੁਹਾਵਰਿਆਂ ਦੇ ਅਧਿਐਨ ਰਾਹੀਂ ਵਿਦਿਆਰਥੀਆਂ ਦੇ ਵਿਵਹਾਰਕ ਗਿਆਨ ਵਿੱਚ ਵਾਧਾ ਕਰਨਾ ਹੈ।
5. ਚਿੱਠੀ-ਪੱਤਰ ਦੁਆਰਾ ਵਿਦਿਆਰਥੀਆਂ ਦੀ ਲਿਖਣ ਸ਼ੈਲੀ ਵਿਚ ਨਿਖਾਰ ਹੋਵੇਗਾ।

SKaur

**ਬੀ.ਬੀ.ਏ.ਭਾਗ- ਪਹਿਲਾ**
**ਸਮੈਸਟਰ-ਦੂਜਾ PBI 2002**
**ਪਰਚਾ : ਪੰਜਾਬੀ ਲਾਜ਼ਮੀ**
**ਸੈਸ਼ਨ-2023-24**

ਕੁੱਲ ਅੰਕ : 100
ਲਿਖਤੀ ਪ੍ਰੀਖਿਆ : 75 ਅੰਕ
ਅੰਦਰੂਨੀ ਮੁਲਾਂਕਣ : 25 ਅੰਕ
ਸਮਾਂ : ਤਿੰਨ ਘੰਟੇ

ਵਿਸ਼ੇ ਵਿੱਚੋਂ ਪਾਸ ਹੋਣ ਲਈ ਅੰਕ : 35%
ਲਿਖਤੀ ਪ੍ਰੀਖਿਆ ਵਿੱਚੋਂ ਪਾਸ ਹੋਣ ਲਈ ਅੰਕ : 26
ਅੰਦਰੂਨੀ ਮੁਲਾਂਕਣ ਵਿੱਚੋਂ ਪਾਸ ਹੋਣ ਲਈ ਅੰਕ : 09
ਕਰੈਡਿਟ : 04

**ਸਿਲੇਬਸ ਅਤੇ ਪਾਠ-ਪੁਸਤਕਾਂ**

**ਯੂਨਿਟ ਪਹਿਲਾ**

1. ਚੋਣਵੇਂ ਪੰਜਾਬੀ ਨਿਬੰਧ , ਸੰਪਾਦਕ : ਡਾ. ਜੋਗਿੰਦਰ ਸਿੰਘ ਪੁਆਰ, ਪਰਮਜੀਤ ਸਿੰਘ ਸਿੱਧੂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
2. (ੳ) ਪੰਜਾਬੀ ਧੁਨੀ-ਵਿਉਂਤ : ਸਵਰ, ਵਿਅੰਜਨ, ਉਚਾਰਨ ਸਥਾਨ ਅਤੇ ਉਚਾਰਨ-ਵਿਧੀ ਅਨੁਸਾਰ ਧੁਨੀਆਂ ਦਾ ਵਰਗੀਕਰਨ।
   (ਅ) ਸ਼ਬਦ ਸ਼੍ਰੇਣੀਆਂ : ਪਰਿਭਾਸ਼ਾ ਤੇ ਕਿਸਮਾਂ (ਕਿਰਿਆ ਵਿਸ਼ੇਸ਼ਣ, ਸੰਬੰਧਕ, ਯੋਜਕ, ਵਿਸਮਿਕ ਅਤੇ ਨਿਪਾਤ)

**ਯੂਨਿਟ ਦੂਜਾ**

3. ਅਖ਼ਬਾਰ ਦੇ ਸੰਪਾਦਕ ਨਾਲ ਸੰਬੰਧਤ ਪੱਤਰ/ਦਫ਼ਤਰੀ ਚਿੱਠੀ-ਪੱਤਰ।
4. ਮੁਹਾਵਰੇ ਅਤੇ ਅਖਾਣ (ਡਾ. ਤਾਰਨ ਸਿੰਘ: ਮੁਹਾਵਰਾ ਤੇ ਅਖਾਣ ਕੋਸ਼) ੳ ਤੋਂ ਹ ਤੱਕ।

**ਅੰਕ-ਵੰਡ ਅਤੇ ਪੇਪਰ ਸੈਟਰ ਲਈ ਹਦਾਇਤਾਂ**

1. ਯੂਨਿਟ ਪਹਿਲਾ ਦੀ 'ਚੋਣਵੇਂ ਪੰਜਾਬੀ ਨਿਬੰਧ' ਪੁਸਤਕ ਵਿਚੋਂ ਕਿਸੇ ਇਕ ਲੇਖ ਦਾ ਵਿਸ਼ਾ ਵਸਤੂ/ਸਾਰ ਬਾਰੇ ਜਾਣਕਾਰੀ (ਤਿੰਨ ਵਿਚੋਂ ਇੱਕ) 15 ਅੰਕ
2. ਯੂਨਿਟ ਪਹਿਲਾ ਵਿਚੋਂ ਵਿਆਕਰਨ ਦੇ ਆਧਾਰ 'ਤੇ ਵਰਣਨਾਤਮਕ ਪ੍ਰਸ਼ਨ (ਦੋ ਵਿਚੋਂ ਇੱਕ) 10 ਅੰਕ
3. ਯੂਨਿਟ ਦੂਜੇ ਵਿਚੋਂ ਇੱਕ ਪੱਤਰ ਲਿਖਣ ਲਈ ਕਿਹਾ ਜਾਵੇ। (ਦੋ ਵਿਚੋਂ ਇੱਕ) 10 ਅੰਕ
4. ਚੌਥੇ ਪ੍ਰਸ਼ਨ ਵਿਚ ਬਾਰਾਂ ਮੁਹਾਵਰੇ ਅਤੇ ਅਖਾਣ ਦੇ ਕੇ ਕੋਈ ਦਸ ਕਰਨ ਲਈ ਕਿਹਾ ਜਾਵੇ। (ਬਾਰਾਂ ਵਿਚੋਂ ਦਸ) 10 ਅੰਕ
5. ਯੂਨਿਟ ਤੀਜੇ ਵਿਚ ਪਹਿਲੇ ਯੂਨਿਟ ਨਾਲ ਸੰਬੰਧਤ 'ਚੋਣਵੇਂ ਪੰਜਾਬੀ ਨਿਬੰਧ' ਪੁਸਤਕ ਅਤੇ ਵਿਆਕਰਨ ਵਾਲੇ ਭਾਗ ਵਿਚੋਂ ਸੰਖੇਪ ਉੱਤਰਾਂ ਵਾਲੇ ਪੰਦਰਾਂ (10+05) ਪ੍ਰਸ਼ਨ ਪੁੱਛੇ ਜਾਣ। (15×2=30) ਅੰਕ

## ਸਹਾਇਕ ਪੁਸਤਕ ਸੂਚੀ


15. ਮਨਮੋਹਨ  ਕੇਸਰ, ਵਾਰਤਕ ਤੇ ਵਾਰਤਾਕਾਰ, ਪੈਪਸੂ ਬੁੱਕ ਡਿੱਪੂ, ਪਟਿਆਲਾ।
16. ਪੰਜਾਬੀ ਭਾਸ਼ਾ ਵਿਗਿਆਨ, ਸੁਖਵਿੰਦਰ ਸਿੰਘ ਸੰਘਾ, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1999
17. ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ, ਹਰਕੀਰਤ ਸਿੰਘ ਅਤੇ ਉਜਲ ਸਿੰਘ ਬਾਹਰੀ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1984
18. ਕਾਲਜ ਪੰਜਾਬੀ ਵਿਆਕਰਣ, ਹਰਕੀਰਤ ਸਿੰਘ ਤੇ ਗਿਆਨੀ ਲਾਲ ਸਿੰਘ, ਪੰਜਾਬ ਸਟੇਟ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1999
19. ਮੇਰਾ ਪਿੰਡ, ਗਿਆਨੀ ਗੁਰਦਿੱਤ ਸਿੰਘ, ਸਾਹਿਤ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2009
20. ਪੰਜਾਬੀ ਭਾਸ਼ਾ ਦਾ ਵਿਆਕਰਨ - ਭਾਗ ਦੂਜਾ, ਜੋਗਿੰਦਰ ਸਿੰਘ ਪੁਆਰ ਅਤੇ ਹੋਰ, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1992
21. ਪੰਜਾਬੀ ਵਿਆਕਰਨ, ਬੂਟਾ ਸਿੰਘ ਬਰਾੜ, ਸੋਹੀ ਪਬਲਿਸ਼ਰਜ਼, ਪਟਿਆਲਾ, 1995




**ਬੀ.ਬੀ.ਏ.ਭਾਗ- ਪਹਿਲਾ**
**ਸਮੈਸਟਰ-ਦੂਜਾ PBI 2001A**
**ਪਰਚਾ : ਪੰਜਾਬੀ ਲਾਜ਼ਮੀ (ਮੁਢਲਾ ਗਿਆਨ)**
**ਸੈਸ਼ਨ-2023-24**

ਕੁੱਲ ਅੰਕ : 100 | ਵਿਸ਼ੇ ਵਿੱਚੋਂ ਪਾਸ ਹੋਣ ਲਈ ਅੰਕ : 35%
ਲਿਖਤੀ ਪ੍ਰੀਖਿਆ : 75 ਅੰਕ | ਲਿਖਤੀ ਪ੍ਰੀਖਿਆ ਵਿੱਚੋਂ ਪਾਸ ਹੋਣ ਲਈ ਅੰਕ : 26
ਅੰਦਰੂਨੀ ਮੁਲਾਂਕਣ : 25 ਅੰਕ | ਅੰਦਰੂਨੀ ਮੁਲਾਂਕਣ ਵਿੱਚੋਂ ਪਾਸ ਹੋਣ ਲਈ ਅੰਕ : 09
ਸਮਾਂ : ਤਿੰਨ ਘੰਟੇ | ਕਰੈਡਿਟ : 04

**ਸਿਲੇਬਸ ਅਤੇ ਪਾਠ-ਪੁਸਤਕਾਂ**

**ਯੂਨਿਟ ਪਹਿਲਾ**

1. ਸ਼ਬਦ ਪ੍ਰਬੰਧ : ਸ਼ਬਦ ਜੋੜਾਂ ਦਾ ਅਭਿਆਸ
   (ੳ) ਦੋ ਅੱਖਰੀ ਸ਼ਬਦਾਂ ਦੇ ਸ਼ਬਦ ਜੋੜ
   (ਅ) ਤਿੰਨ ਅੱਖਰੀ ਸ਼ਬਦਾਂ ਦੇ ਸ਼ਬਦ ਜੋੜ
   (ੲ) ਬਹੁ-ਅੱਖਰੀ ਸ਼ਬਦਾਂ ਦੇ ਸ਼ਬਦ ਜੋੜ
2. ਸ਼ਬਦ ਸ਼ਰੇਣੀਆਂ ਤੇ ਵਿਆਕਰਨਕ ਵਰਗਾਂ ਦੀ ਪਛਾਣ
   (ੳ) ਸ਼ਬਦਾਂ ਦੀਆਂ ਸ਼ਰੇਣੀਆਂ ਅਤੇ ਵਿਆਕਰਨਕ ਇਕਾਈਆਂ ਦਾ ਸਿਧਾਂਤ ਅਤੇ ਵਰਤੋਂ
   (ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਕਿਰਿਆ ਵਿਸ਼ੇਸ਼ਣ ਆਦਿ)
   (ਅ) ਵਿਆਕਰਨਕ ਵਰਗਾਂ ਦੀ ਪਛਾਣ ਤੇ ਵਰਤੋਂ
   (ਲਿੰਗ, ਵਚਨ, ਪੁਰਖ, ਕਾਲ ਆਦਿ)

**ਯੂਨਿਟ ਦੂਜਾ**

3. ਸ਼ਬਦ ਬਣਤਰਾਂ ਅਤੇ ਵਿਆਕਰਨਕ ਇਕਾਈਆਂ ਦਾ ਸਿਧਾਂਤ ਤੇ ਵਰਤੋਂ
   (ੳ) ਪੰਜਾਬੀ ਸ਼ਬਦ ਬਣਤਰ ਦਾ ਸਿਧਾਂਤ, ਪਛਾਣ ਤੇ ਵਰਤੋਂ
   (ਅਗੇਤਰ, ਪਿਛੇਤਰ, ਸਮਾਸ, ਦੁਹਰੁਕਤੀ)
   (ਅ) ਵਿਆਕਰਨਕ ਇਕਾਈਆਂ ਦਾ ਸਿਧਾਂਤ, ਪਛਾਣ ਤੇ ਵਰਤੋਂ
   (ਵਾਕੰਸ਼, ਉਪ-ਵਾਕ ਤੇ ਵਾਕ)
4. ਵਿਸਰਾਮ ਚਿੰਨ੍ਹਾਂ ਦੀ ਪਛਾਣ ਤੇ ਵਰਤੋਂ

**ਅੰਕ-ਵੰਡ ਅਤੇ ਪੇਪਰ ਸੈਟਰ ਲਈ ਹਦਾਇਤਾਂ**

1. ਪ੍ਰਸ਼ਨ ਪਹਿਲਾ, ਯੂਨਿਟ ਪਹਿਲਾ ਦੇ ੳ, ਅ, ੲ ਭਾਗਾਂ ਵਿਚੋਂ ਪੁੱਛਿਆ ਜਾਵੇ। (ਦੋ ਵਿਚੋਂ ਇੱਕ) 15 ਅੰਕ
2. ਯੂਨਿਟ ਪਹਿਲਾ ਦੇ ਦੂਜੇ ਪ੍ਰਸ਼ਨ ਦੇ ਵੀ ੳ, ਅ ਭਾਗ ਹਨ। ਇਨ੍ਹਾਂ ਦੋਹਾਂ ਭਾਗਾਂ ਵਿਚੋਂ ਦੋ ਪ੍ਰਸ਼ਨ ਪੁੱਛੇ ਜਾਣ, ਵਿਦਿਆਰਥੀਆਂ ਨੇ ਦੋਹਾਂ ਵਿਚੋਂ ਇਕ ਕਰਨਾ ਹੋਵੇਗਾ। (ਦੋ ਵਿਚੋਂ ਇੱਕ) 20 ਅੰਕ
3. ਪ੍ਰਸ਼ਨ ਤੀਜਾ ਯੂਨਿਟ ਦੂਜਾ ਦੇ ੳ, ਅ ਭਾਗਾਂ ਵਿਚੋਂ ਪੁੱਛਿਆ ਜਾਵੇ। (ਦੋ ਵਿਚੋਂ ਇੱਕ) 20 ਅੰਕ
4. ਚੌਥਾ ਪ੍ਰਸ਼ਨ ਵਿਸਰਾਮ ਚਿੰਨ੍ਹਾਂ ਦੀ ਪਛਾਣ ਬਾਰੇ ਪੁੱਛਿਆ ਜਾਵੇ। ਇਹ ਪ੍ਰਸ਼ਨ ਲਾਜ਼ਮੀ ਹੋਵੇਗਾ। (ਦੋ ਵਿਚੋਂ ਇੱਕ) 20 ਅੰਕ

**ਨੋਟ : ਵਿਦਿਆਰਥੀ ਪਹਿਲੀ ਵਾਰ ਗੁਰਮੁਖੀ ਸਿੱਖ ਰਹੇ ਹਨ। ਹੋ ਸਕਦਾ ਹੈ ਕਿ ਵਿਦਿਆਰਥੀ ਪੰਜਾਬੀ ਭਾਸ਼ਾ ਤੋਂ ਅਣਜਾਣ ਹੋਣ, ਸੋ ਵਿਦਿਆਰਥੀਆਂ ਦੇ ਪੱਧਰ ਨੂੰ ਧਿਆਨ ਵਿਚ ਰੱਖਿਆ ਜਾਵੇ ਅਤੇ ਸਰਲ ਤੇ ਸਪਸ਼ਟ ਪ੍ਰਸ਼ਨ ਪੁੱਛੇ ਜਾਣ।**

## ਸਹਾਇਕ ਪੁਸਤਕ ਸੂਚੀ

1. ਆਓ ਪੰਜਾਬੀ ਸਿੱਖੀਏ, ਸਤਿਨਾਮ ਸਿੰਘ ਸੰਧੂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009
2. ਗੁਰਮੁਖੀ ਸਿੱਖੋ, ਸਤਿਨਾਮ ਸਿੰਘ ਸੰਧੂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
3. ਪੰਜਾਬੀ ਸਿੱਖੀਏ, ਸੀਤਾ ਰਾਮ ਬਾਹਰੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002
4. ਪੰਜਾਬੀ ਗਿਆਨ ਸੀ. ਡੀ. (ਕੰਪਿਊਟਰ ਐਪਲੀਕੇਸ਼ਨ ਟੂ-ਲਰਨ ਐਂਡ ਟੀਚ ਪੰਜਾਬੀ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
5. Teach Yourself Punjabi, Hradev Bahri, Publication Bureau, Punjabi University, Patiala, 2011
6. A Start in Punjabi, Henry A. Gleason and Harjeet Singh Gill, Publication Bureau, Punjabi University, Patiala, 1997
7. Introductory Punjabi, Ujjal Singh Bahri and Paramjit Singh Walia, Publication Bureau, Punjabi University, Patiala, 2003